WCAT Workers' Compensation Appeal Tribunal

# ਕਿਸੇ ਸਿਹਤ ਮਾਹਰ ਤੋਂ ਸਲਾਹ ਕਿਵੇਂ ਮੰਗਣੀ ਹੈ

ਇਹ ਜਾਣਕਾਰੀ ਇਹ ਦੱਸਦੀ ਹੈ ਕਿ ਕਿਸੇ ਸਿਹਤ ਮਾਹਰ ਤੋਂ ਸਲਾਹ ਅਤੇ ਮਦਦ ਲੈਣ ਲਈ ਡਬਲਯੂ ਸੀ ਏ ਟੀ ਨੂੰ ਕਿਵੇਂ ਕਹਿਣਾ ਹੈ। ਜ਼ਿਆਦਾ ਜਾਣਕਾਰੀ ਸਾਡੇ ਵੈੱਬਸਾਈਟ ਉੱਪਰ ਦੇਖੋ: wcat.bc.ca ਜਾਂ ਮਦਦ ਮੰਗਣ ਲਈ ਸਾਡੀ ਟੀਮ ਨੂੰ ਫੋਨ ਕਰੋ: 604-664-7800 ਜਾਂ 1-800-663-2782

---

## ਕਿਸੇ ਸਿਹਤ ਮਾਹਰ ਤੋਂ ਸਲਾਹ ਲੈਣ ਲਈ ਡਬਲਯੂ ਸੀ ਏ ਟੀ ਤੋਂ ਪੁੱਛੋ

ਵਰਕਰ ਦੇ ਰੈਗੂਲਰ ਡਾਕਟਰ ਦੀ ਬਜਾਏ ਕਿਸੇ ਹੋਰ ਦੀ ਮੈਡੀਕਲ ਰਾਇ ਇਹ ਪਤਾ ਲਾਉਣ ਵਿਚ ਮਦਦ ਕਰ ਸਕਦੀ ਹੈ:

- ਜੇ ਕੰਮ ਅਤੇ ਸੱਟ ਜਾਂ ਬੀਮਾਰੀ ਵਿਚਕਾਰ ਕੋਈ ਮੈਡੀਕਲ ਸੰਬੰਧ ਹੈ
- ਜੇ ਕੰਮ ’ਤੇ ਲੱਗੀ ਸੱਟ ਅਤੇ ਬਾਅਦ ਵਿਚ ਸ਼ੁਰੂ ਹੋਈ ਹਾਲਤ ਵਿਚਕਾਰ ਕੋਈ ਮੈਡੀਕਲ ਸੰਬੰਧ ਹੈ
- ਜੇ ਵਰਕਰ ਸੱਟ ਨਾਲ ਉਸ ਸਮੇਂ ਨਾਲੋਂ ਜ਼ਿਆਦਾ ਸਮੇਂ ਲਈ ਡਿਸਏਬਲ ਹੋਇਆ ਸੀ ਜਿੰਨੇ ਦਾ ਫੈਸਲਾ ਵਰਕਸੇਫ ਬੀ ਸੀ ਨੇ ਕੀਤਾ ਸੀ
- ਜੇ ਵਰਕਰ ਦੀ ਡਿਸਏਬਿਲਟੀ ਜਾਂ ਸੱਟਾਂ ਵਰਕਸੇਫ ਬੀ ਸੀ ਦੇ ਫੈਸਲੇ ਨਾਲੋਂ ਜ਼ਿਆਦਾ ਪੱਕੀਆਂ ਹਨ

ਅਪੀਲ ਵਿਚ ਹਿੱਸਾ ਲੈ ਰਿਹਾ ਵਰਕਰ, ਇਮਪਲੌਏਅਰ ਜਾਂ ਮ੍ਰਿਤਕ ਵਰਕਰ ਦਾ ਵਾਰਸ, ਆਜ਼ਾਦ ਮਦਦ ਕਰਨ ਜਾਂ ਸਲਾਹ ਦੇਣ ਲਈ ਕਿਸੇ ਸਿਹਤ ਮਾਹਰ ਦਾ ਪ੍ਰਬੰਧ ਕਰਨ ਲਈ ਵਾਈਸ ਚੇਅਰ ਨੂੰ ਕਹਿ ਸਕਦਾ ਹੈ। **ਵਰਕਰ ਦੀ ਮੈਡੀਕਲ ਹਾਲਤ ਅਪੀਲ ਵਿਚ ਮੁੱਦਾ ਹੋਣਾ ਜ਼ਰੂਰੀ ਹੈ।**

ਆਪਣੀ ਬੇਨਤੀ ਸਾਡੇ ਵੈੱਬਸਾਈਟ ਉੱਪਰ ਇਕ ਫਾਰਮ ਭਰ ਕੇ ਦਰਜ ਕਰਵਾਉ: WCAT.BC.CA > APPEAL A DECISION > START AN APPEAL > ASK FOR ADVICE FROM A HEALTH PROFESSIONAL

---

**ਆਪਣੀ ਬੇਨਤੀ ਉਦੋਂ ਛੇਤੀ ਤੋਂ ਛੇਤੀ ਕਰੋ ਜਦੋਂ ਤੁਹਾਨੂੰ ਇਹ ਪਤਾ ਲੱਗੇ ਮੈਡੀਕਲ ਰਾਇ ਦੀ ਲੋੜ ਹੈ।** ਕਿਸੇ ਸਿਹਤ ਮਾਹਰ ਤੋਂ ਸਹਾਇਤਾ ਜਾਂ ਸਲਾਹ ਲੈਣ ਦਾ ਤਾਲਮੇਲ ਕਰਨ ਅਤੇ ਪੂਰਾ ਕਰਨ ਨੂੰ ਸਮਾਂ ਲੱਗਦਾ ਹੈ। ਇਹ ਅਪੀਲ ਦੇ ਫੈਸਲੇ ਨੂੰ ਲੇਟ ਕਰ ਸਕਦਾ ਹੈ।

---

## ਆਪਣੀ ਬੇਨਤੀ ਕਰਨ ਤੋਂ ਬਾਅਦ

ਵਾਈਸ ਚੇਅਰ ਇਹ ਫੈਸਲਾ ਕਰੇਗਾ ਕਿ ਕੀ ਕਿਸੇ ਸਿਹਤ ਮਾਹਰ ਦੀ ਸਲਾਹ ਅੰਤਿਮ ਫੈਸਲਾ ਕਰਨ ਵਿਚ ਮਦਦ ਕਰੇਗੀ। ਜੇ ਉਹ ਤੁਹਾਡੀ ਬੇਨਤੀ ਨਾਲ ਸਹਿਮਤ ਹੁੰਦੇ ਹਨ ਤਾਂ ਉਹ ਇਕ ਅਜਿਹੇ ਸਿਹਤ ਮਾਹਰ ਦੀ ਚੋਣ ਕਰਨਗੇ:

- ਜਿਹੜਾ ਯੋਗਤਾ ਪ੍ਰਾਪਤ ਮੈਡੀਕਲ ਪ੍ਰੈਕਟੀਸ਼ਨਰ, ਰਜਿਸਟਰਡ ਡੈਂਟਿਸਟ ਜਾਂ ਰਜਿਸਟਰਡ ਸਾਇਕੋਲੋਜਿਸਟ ਹੈ
- ਜਿਸ ਨੇ ਵਰਕਰ ਨੂੰ ਚੈੱਕ ਨਹੀਂ ਕੀਤਾ, ਇਲਾਜ ਨਹੀਂ ਕੀਤਾ ਜਾਂ ਸਲਾਹ ਨਹੀਂ ਦਿੱਤੀ
- ਜਿਸ ਨੇ ਇਮਪਲੌਏਅਰ ਦੇ ਕਨਸਲਟੈਂਟ ਵਜੋਂ ਕੰਮ ਨਹੀਂ ਕੀਤਾ ਹੈ
- ਜਿਹੜਾ ਵਰਕਸੇਫ ਬੀ ਸੀ ਤੋਂ ਆਜ਼ਾਦ ਹੈ

ਤੁਸੀਂ ਕਿਸੇ ਮੈਡੀਕਲ ਮਾਹਰ ਤੋਂ ਰਿਪੋਰਟ ਲੈਣਾ ਚਾਹੁੰਦੇ ਹੋ ਸਕਦੇ ਹੋ। ਸਾਡੇ ਵੈੱਬਸਾਈਟ ’ਤੇ ਜ਼ਿਆਦਾ ਜਾਣੋ: WCAT.BC.CA > PREPARE YOUR CASE > COLLECT EVIDENCE > EXPERT EVIDENCE

ਵਾਈਸ ਚੇਅਰ ਤੋਂ ਅੱਗੇ ਦਿੱਤੀ ਜਾਣਕਾਰੀ ਮਿਲਣ ਤੋਂ ਬਾਅਦ ਸਿਹਤ ਮਾਹਰ ਵਲੋਂ ਵਿਚਾਰ ਕਰਨ ਅਤੇ ਜਵਾਬ ਦੇਣ ਦੌਰਾਨ ਅਪੀਲ ਦਾ ਫੈਸਲਾ ਰੋਕ ਲਿਆ ਜਾਂਦਾ ਹੈ:

- ਵਾਈਸ ਚੇਅਰ ਤੋਂ ਮਿਲੇ ਗੈਰ-ਮੈਡੀਕਲ ਤੱਥ
- ਸਿਹਤ ਮਾਹਰ ਦੇ ਸਵਾਲ ਜਿਨ੍ਹਾਂ ਦਾ ਜਵਾਬ ਸਿਹਤ ਮਾਹਰ ਵਲੋਂ ਦਿੱਤਾ ਜਾਣਾ ਹੈ
- ਵਰਕਸੇਫ ਬੀ ਸੀ ਦੀ ਕਲੇਮ ਦੀ ਫਾਇਲ ਤੋਂ ਡਾਕੂਮੈਂਟਸ
- ਡਬਲਯੂ ਸੀ ਏ ਟੀ ਨੂੰ ਦਿੱਤੇ ਗਏ ਹੋਰ ਮੈਡੀਕਲ ਰਿਕਾਰਡ
- ਆਡਿਓ ਰਿਕਾਰਡਿੰਗਾਂ ਜਾਂ ਫੋਟੋਆਂ ਦੇ ਸਬੂਤ

---

ਸਿਹਤ ਮਾਹਰ ਦਾ ਰੋਲ ਡਬਲਯੂ ਸੀ ਏ ਟੀ ਦੀ ਮਦਦ ਕਰਨਾ ਹੈ। ਉਹ ਵਰਕਰ ਜਾਂ ਇਮਪਲੌਏਅਰ ਦੀ ਨੁਮਾਇੰਦਗੀ ਨਹੀਂ ਕਰਦੇ।

---

ਅਪੀਲ ਵਿਚ ਹਿੱਸਾ ਲੈ ਰਹੇ ਹਰ ਵਿਅਕਤੀ ਨੂੰ ਸਿਹਤ ਮਾਹਰ ਨੂੰ ਭੇਜੀ ਗਈ ਜਾਣਕਾਰੀ ਦੀ ਕਾਪੀ ਮਿਲੇਗੀ। ਉਨ੍ਹਾਂ ਨੂੰ ਸਿਹਤ ਮਾਹਰ ਦੀ ਰਿਪੋਰਟ ਦੀ ਕਾਪੀ ਵੀ ਮਿਲੇਗੀ ਅਤੇ ਉਹ ਇਸ ਉੱਪਰ ਟਿੱਪਣੀ ਕਰਨ ਦੇ ਯੋਗ ਹੋਣਗੇ।

ਮਦਦ ਲਓ। ਤੁਸੀਂ ਅਪੀਲ ਦੇ ਆਪਣੇ ਪੱਖ ਨੂੰ ਦੱਸਣ ਵਿਚ ਮਦਦ ਲਈ ਕਿਸੇ ਨੂੰ ਮੁਖ਼ਤਾਰ ਬਣਾ ਸਕਦੇ ਹੋ, ਜਾਂ ਕਿਸੇ ਐਡਵਾਈਜ਼ਰ ਤੋਂ ਮੁਫਤ ਮਦਦ ਲੈ ਸਕਦੇ ਹੋ। ਜ਼ਿਆਦਾ ਜਾਣਕਾਰੀ ਲਈ ਦੇਖੋ: WCAT.BC.CA > ASK FOR HELP WITH THE APPEAL PROCESS